ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

(ਸਿੱਖਿਆ ਸੈਲ)

ਮਿਤੀ 15 ਨਵੰਬਰ, 2002

ਨੰ:6/199/92-1 ਸਿ. ਸੈਲ/26245- ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਰਾਜ ਭਾਸ਼ਾ ਐਕਟ, 1967 ਅਧੀਨ ਭਾਸ਼ਾ ਵਿਭਾਗ, ਪੰਜਾਬ ਦੇ ਕੰਮ-ਕਾਜ ਦੇ ਵੱਖ-ਵੱਖ ਖੇਤਰਾਂ ਵਾਸਤੇ ਸਲਾਹ ਦੇਣ ਲਈ ਹੇਠ ਲਿਖੇ ਅਨੁਸਾਰ ਰਾਜ ਸਲਾਹਕਾਰ ਬੋਰਡ ਦੀ ਸਥਾਪਨਾ ਕਰਨ ਦੀ ਪ੍ਰਵਾਨਗੀ ਦਿੰਦੇ ਹਨ:

1. **<u>ਰਾਜ ਸਲਾਹਕਾਰ ਬੋਰਡ ਦੇ ਉਦੇਸ਼ ਅਤੇ ਮੰਤਵ</u>**

ਇਸ ਸਲਾਹਕਾਰ ਬੋਰਡ ਦੇ ਹੇਠ ਲਿਖੇ ਉਦੇਸ਼ ਅਤੇ ਮੰਤਵ ਹਨ:

(ੳ) ਸਰਕਾਰਦੁਆਰਾ ਲੇਖਕਾਂ/ਕਲਾਕਾਰਾਂ/ਸੰਸਥਾਵਾਂ ਨੂੰ ਗਰਾਂਟ ਆਦਿ ਦੇਣ ਲਈ ਸਿਫ਼ਾਰਸ਼ਾਂ ਕਰਨੀਆਂ

(ਅ) ਪੰਜਾਬੀ, ਉਰਦੂ, ਹਿੰਦੀ ਅਤੇ ਸੰਸਕ੍ਰਿਤ ਆਦਿ ਦੀਆਂ ਸਾਹਿਤਕ ਪੁਸਤਕਾਂ ਦਾ ਉਤਪਾਦਨ ਸਮੇਂ ਮੁਲਅੰਕਣ ਕਰਨਾ

(ੲ) ਭਾਸ਼ਾ ਵਿਭਾਗ ਵੱਲੋਂ ਪੰਜਾਬੀ ਸਾਹਿਤ ਸ਼੍ਰੋਮਣੀ ਅਤੇ 12 ਹੋਰ ਸ਼੍ਰੋਮਣੀ ਇਨਾਮਾਂ ਵਾਸਤੇ ਯੋਗ ਵਿਅਕਤੀਆਂ ਦੇ ਨਾਵਾਂ ਬਾਰੇ ਸਿਫ਼ਾਰਸ਼ਾਂ ਕਰਨੀਆਂ

(ਸ) ਭਾਸ਼ਾਵਾਂ ਦੇ ਵਿਕਾਸ ਸਬੰਧੀ ਮਾਮਲਿਆਂ ਬਾਰੇ ਸਲਾਹ ਦੇਣੀ

(ਹ) ਰਾਜ ਭਾਸ਼ਾ ਪੰਜਾਬੀ ਦੇ ਪ੍ਰਚਾਲਣ ਸਬੰਧੀ ਸਲਾਹ ਦੇਣੀ ਅਤੇ

(ਕ) ਭਾਸ਼ਾ ਵਿਭਾਗ ਦੇ ਸਮੁੱਚੇ ਕੰਮ-ਕਾਜ ਬਾਰੇ ਸਲਾਹ ਅਤੇ ਠੋਸ ਸੁਝਾਅ ਦੇਣੇ।

2. **<u>ਰਾਜ ਸਲਾਹਕਾਰ ਬੋਰਡ ਦਾ ਗਠਨ:</u>**

ਇਸ ਬੋਰਡ ਦਾ ਗਠਨ ਹੇਠ ਲਿਖੇ ਅਨੁਸਾਰ ਹੋਵੇਗਾ:

(ੳ) **<u>ਪਦਵੀਕਰਣ ਮੈਂਬਰ:</u>**

| | | |
|---|---|---|
| (1) | ਭਾਸ਼ਾ ਮੰਤਰੀ | ਪ੍ਰਧਾਨ |
| (2) | ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ ਅਤੇ ਭਾਸ਼ਾ | ਉਪ-ਪ੍ਰਧਾਨ |
| (3) | ਪ੍ਰਮੁੱਖ ਸਕੱਤਰ/ਸਕੱਤਰ, ਸੱਭਿਆਚਾਰਕ ਮਾਮਲੇ | ਮੈਂਬਰ |
| (4) | ਪ੍ਰਮੁੱਖ ਸਕੱਤਰ, ਵਿੱਤ ਵਿਭਾਗ ਜਾਂ ਉਸ ਦਾ ਨੁਮਾਇੰਦਾ ਜੋ ਵਧੀਕ ਸਕੱਤਰ ਦੇ ਅਹੁੱਦੇ ਤੋਂ ਘੱਟ ਨਾ ਹੋਵੇ। | ਮੈਂਬਰ |
| (5) | ਪੰਜਾਬ ਰਾਜ ਦੀਆਂ ਯੂਨੀਵਰਸਿਟੀਆਂ ਵਿਚੋਂ ਭਾਸ਼ਾ ਅਤੇ ਸੱਭਿਆਚਾਰ ਦੇ ਪਿਛੋਕੜ ਵਾਲੇ ਵਾਈਸ ਚਾਂਸਲਰ ਜਾਂ ਉਨ੍ਹਾਂ ਦੇ ਨੁਮਾਇੰਦੇ ਜੋ ਘੱਟੋ-ਘੱਟ, ਡੀਨ ਦੇ ਅਹੁੱਦੇ ਦੇ ਹੋਣ | ਮੈਂਬਰ |
| (6) | ਹੇਠ ਲਿਖੀਆਂ ਸੰਸਥਾਵਾਂ ਦੇ ਪ੍ਰਧਾਨ ਜਾਂ ਜਨਰਲ ਸਕੱਤਰ, ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ, ਪੰਜਾਬੀ ਅਕਾਦਮੀ ਲੁਧਿਆਣਾ, ਪੰਜਾਬੀ ਅਕਾਦਮੀ ਦਿੱਲੀ, ਪੰਜਾਬੀ ਸਾਹਿਤ ਅਕਾਦਮੀ ਹਰਿਆਣਾ, ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ, ਕੇਂਦਰੀ ਪੰਜਾਬੀ | |

ਸਭਾ (ਰਜਿਸਟਰਡ), ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਮੈਂਬਰ

(7) ਮੈਂਬਰ ਕੇਂਦਰੀ ਸਾਹਿਤ ਅਕਾਦਮੀ ਅਤੇ ਸੰਗੀਤ ਨਾਟਕ ਅਕਾਦਮੀ, ਨਵੀਂ ਦਿੱਲੀ ਦੇ ਨੁਮਾਇੰਦੇ ਮੈਂਬਰ

(8) ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਮੈਂਬਰ-ਸਕੱਤਰ

(ਅ) **ਗੈਰ-ਸਰਕਾਰੀ ਮੈਂਬਰ:**

ਭਾਸ਼ਾ ਵਿਭਾਗ ਦੀ ਸਿਫ਼ਾਰਸ਼ ਉੱਤੇ ਮੁੱਖ ਮੰਤਰੀ ਜੀ ਵੱਲੋਂ ਬੋਰਡ ਦੇ ਹੇਠ ਲਿਖੇ ਅਨੁਸਾਰ ਗੈਰ-ਸਰਕਾਰੀ ਮੈਂਬਰ ਮਨੋਨੀਤ ਕੀਤੇ ਜਾਣਗੇ:

(1) 12 ਮੈਂਬਰ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੀਆਂ ਵੱਖ-ਵੱਖ ਵਿਧਾਵਾਂ ਜਿਵੇਂ ਕਿ ਲੋਕ ਗਾਇਕੀ, ਕੀਰਤਨ ਢਾਡੀ ਅਤੇ ਭੇਟ-ਗਾਇਕੀ ਨਾਲ ਸਬੰਧਤ।

(2) 9 ਮੈਂਬਰ ਹਿੰਦੀ, ਉਰਦੂ ਅਤੇ ਸੰਸਕ੍ਰਿਤ ਸਾਹਿਤ ਅਤੇ ਭਾਸ਼ਾ ਦੀਆਂ ਵੱਖ-ਵੱਖ ਵਿਧਾਵਾਂ ਨਾਲ ਸਬੰਧਤ ਹਰੇਕ ਭਾਸ਼ਾ ਦੇ ਤਿੰਨ-ਤਿੰਨ ਮੈਂਬਰ ਹੋਣਗੇ।

(3) 3 ਮੈਂਬਰ ਅਖਬਾਰਾਂ/ਟੈਲੀਵੀਜ਼ਨ ਅਤੇ ਮੀਡੀਆ ਨਾਲ ਸਬੰਧਤ ਪ੍ਰਮੁੱਖ ਹਸਤੀਆਂ ਵਿਚੋਂ

(4) 6 ਮੈਂਬਰ ਕਲਾ, ਸਾਇੰਸ, ਸਮਾਜ ਸੇਵਾ, ਚਕਿਤਸਾ, ਇੰਜਨੀਅਰਿੰਗ, ਪਰਿਆਵਰਣ ਆਦਿ ਖੇਤਰਾਂ ਨਾਲ ਸਬੰਧਤ ਦੇਸ਼ ਦੀਆਂ ਪ੍ਰਮੁੱਖ ਪੰਜਾਬੀ ਹਸਤੀਆਂ ਵਿਚੋਂ।

ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ:

(ੳ) ਧਾਰਾ 2(ਅ)(1) ਅਧੀਨ ਮਨੋਨੀਤ ਕੀਤੇ ਜਾਣ ਵਾਲੇ ਮੈਂਬਰਾਂ ਵਿਚੋਂ ਘੱਟੋ-ਘੱਟ 8 ਮੈਂਬਰ ਪੰਜਾਬੀ ਸਾਹਿਤ ਅਤੇ ਭਾਸ਼ਾ ਨਾਲ ਸਬੰਧਤ ਹੋਣਗੇ

(ਅ) ਧਾਰਾ 2(ਅ)(1) ਅਤੇ (2) ਅਧੀਨ ਮਨੋਨੀਤ ਹੋਣ ਵਾਲੇ ਮੈਂਬਰ ਆਮ ਤੌਰ ਉੱਤੇ ਕੇਂਦਰੀ ਅਕੈਡਮੀਆਂ ਜਾਂ ਰਾਜ ਅਕੈਡਮੀਆਂ ਜਾਂ ਹੋਰ ਰਾਸ਼ਟਰੀ ਪੱਧਰ ਦੀਆਂ ਸੰਸਥਾਵਾਂ ਦੇ ਇਨਾਮ ਧਾਰਕ ਜਾਂ ਉੱਘੇ ਲੇਖਕ/ਗਾਇਕ ਹੋਣੇ ਚਾਹੀਦੇ ਹਨ।

3. **ਮੈਂਬਰਾਂ ਦੇ ਅਹੁੱਦੇ ਦੀ ਮਿਆਦ**

(ੳ) ਧਾਰਾ 2(ੳ)(1) ਤੋਂ (9) ਤੱਕ ਪਦਵੀਕਰਣ ਨਿਯੁਕਤ ਮੈਂਬਰ ਆਪਣੇ ਪਦ ਉੱਤੇ ਰਹਿਣ ਤੱਕ ਬੋਰਡ ਦੇ ਮੈਂਬਰ ਰਹਿਣਗੇ। ਧਾਰਾ 2(ਅ)(1) ਤੋਂ (4) ਅਧੀਨ ਗੈਰ-ਸਰਕਾਰੀ ਮੈਂਬਰਾਂ ਦੇ ਅਹੁੱਦੇ ਦੀ ਮਿਆਦ ਨੋਟੀਫ਼ਿਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਤਿੰਨ ਸਾਲ ਤੱਕ ਦੀ ਹੋਵੇਗੀ।

(ਅ) ਪਰੰਤੂ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਪਹਿਲੀ ਵਾਰ ਗਠਿਤ ਬੋਰਡ ਦੇ ਗੈਰ-ਸਰਕਾਰੀ ਮੈਂਬਰਾਂ ਵਿਚੋਂ ਲਾਟਰੀ ਰਾਹੀਂ 1/3 ਮੈਂਬਰਾਂ ਦੇ ਨਾਮ ਚੁਣੇ ਜਾਣਗੇ ਅਤੇ ਇੰਜ ਪਹਿਲੀ ਲਾਟਰੀ ਵਿਚ ਨਿਕਲੇ ਨਾਮ ਇੱਕ ਸਾਲ ਵਾਸਤੇ ਮੈਂਬਰ ਹੋਣਗੇ। ਦੂਜੀ ਲਾਟਰੀ ਵਿਚੋਂ ਕੱਢੇ ਜਾਣ ਵਾਲੇ ਦੋ ਸਾਲ ਵਾਸਤੇ ਮੈਂਬਰ ਹੋਣਗੇ ਅਤੇ ਬਾਕੀ ਰਹਿੰਦੇ ਪੂਰੇ ਤਿੰਨ ਸਾਲਾਂ ਵਾਸਤੇ ਮੈਂਬਰ ਹੋਣਗੇ। ਇਸ ਤੋਂ ਪਿੱਛੋਂ ਹਰ ਸਾਲ ਧਾਰਾ 2(ਅ)(1)ਤੋਂ (4) ਤੱਕ ਮਨੋਨੀਤ ਕੀਤੇ ਮੈਂਬਰਾਂ ਵਿਚੋਂ 1/3 ਮੈਂਬਰ ਤਿੰਨ ਸਾਲਾਂ ਦਾ ਸਮਾਂ ਪੂਰਾ ਹੋਣ ਉੱਤੇ ਅਹੁੱਦੇ ਤੋਂ ਵੱਖ ਹੋ ਜਾਣਗੇ ਅਤੇ ਉਨ੍ਹਾਂ ਦੀ ਥਾਂ ਉੱਤੇ ਨਵੇਂ ਮੈਂਬਰ ਮਨੋਨੀਤ ਕੀਤੇ ਜਾਣਗੇ।

(ਏ) ਪਰੰਤੂ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਪਹਿਲੀ ਅਤੇ ਦੂਜੀ ਲਾਟਰੀ ਅਨੁਸਾਰ ਤਿੰਨ ਸਾਲ ਤੋਂ ਪਹਿਲਾਂ ਅਹੁੱਦਾ ਛੱਡਣ ਵਾਲੇ ਮੈਂਬਰ ਅਤੇ ਤਿੰਨ ਸਾਲ ਦਾ ਪੂਰਾ ਸਮਾਂ ਅਹੁੱਦੇ ਉੱਤੇ ਬਣੇ ਰਹਿਣ ਵਾਲੇ ਮੈਂਬਰ ਦੋਬਾਰਾ ਨਿਯੁਕਤੀ ਵਾਸਤੇ ਯੋਗ ਹੋਣਗੇ।

(ਸ) ਪਰੰਤੂ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਕੋਈ ਵੀ ਮੈਂਬਰ ਲਗਾਤਾਰ ਵੱਧ ਤੋਂ ਵੱਧ ਛੇ ਸਾਲਾਂ ਲਈ ਮੈਂਬਰ ਰਹਿ ਸਕਦਾ ਹੈ ਅਤੇ ਉਸ ਤੋਂ ਬਾਅਦ ਇੱਕ ਵਾਰ ਪਦ ਤਿਆਗ ਕੇ ਤਿੰਨ ਸਾਲ ਦਾ ਵਕਫ਼ਾ ਪਾ ਕੇ ਦੋਬਾਰਾ ਮਨੋਨੀਤ ਹੋਣ ਦੇ ਯੋਗ ਹੋ ਸਕਦਾ ਹੈ।

4. **<u>ਗੈਰ-ਸਰਕਾਰੀ ਮੈਂਬਰਾਂ ਦਾ ਅਹੁੱਦਾ ਤਿਆਗਣ/ਅਹੁੱਦੇ ਤੋਂ ਹਟਾਉਣਾ:</u>**

(ੳ) ਕੋਈ ਵੀ ਗੈਰ-ਸਰਕਾਰੀ ਮੈਂਬਰ ਆਪਣੇ ਸੇਵਾ ਕਾਲ ਦੇ ਦੌਰਾਨ ਪ੍ਰਧਾਨ ਜਾਂ ਮੈਂਬਰ ਸਕੱਤਰ ਨੂੰ ਲਿਖਤੀ ਤੌਰ ਉੱਤੇ ਆਪਣਾ ਅਸਤੀਫ਼ਾ ਦੇ ਸਕਦਾ ਹੈ। ਐਸਾ ਅਸਤੀਫ਼ਾ ਦੇਣ ਦੀ ਮਿਤੀ ਤੋਂ ਤੁਰੰਤ ਲਾਗੂ ਸਮਝਿਆ ਜਾਵੇਗਾ।

(ਅ) ਜੇ ਕੋਈ ਵੀ ਮੈਂਬਰ 48 ਘੰਟੇ ਜਾਂ ਇਸ ਤੋਂ ਵੱਧ ਪੁਲਿਸ ਜਾਂ ਨਿਆਇਕ ਹਿਰਾਸਤ ਵਿਚ ਰਹਿੰਦਾ ਹੈ ਜਾਂ ਉਸ ਵਿਰੁੱਧ ਆਚਰਣਹੀਣਤਾ ਸਬੰਧੀ ਕੇਸ ਦਰਜ ਹੁੰਦਾ ਹੈ ਜਾਂ ਉਸ ਵਿਰੁੱਧ ਕਿਸੇ ਵਿਸ਼ੇਸ਼ ਵਿਅਕਤੀ ਜਾਂ ਵਿਅਕਤੀਆਂ ਦੇ ਹੱਕ ਵਿਚ ਪ੍ਰਚਾਰ ਕਰਨ ਦਾ ਦੋਸ਼ ਸਾਬਤ ਹੁੰਦਾ ਹੈ ਤਾਂ ਐਸੇ ਮੈਂਬਰ ਨੂੰ ਬੋਰਡ ਦਾ ਪ੍ਰਧਾਨ ਤੁਰੰਤ ਮੁਅੱਤਲ ਕਰ ਸਕਦਾ ਹੈ ਅਤੇ ਅਹੁੱਦੇ ਤੋਂ ਵੱਧ ਕਰਨ ਲਈ ਕਾਰਵਾਈ ਸ਼ੁਰੂ ਕਰਵਾ ਸਕਦਾ ਹੈ।

(ੲ) ਅਸਤੀਫ਼ਾ ਦੇਣ ਕਰਕੇ ਜਾਂ ਮੌਤ ਹੋਣ ਕਰਕੇ ਜਾਂ ਹਟਾਏ ਜਾਣ ਕਰਕੇ ਖਾਲੀ ਹੋਣ ਵਾਲੀ ਅਸਾਮੀ ਉੱਤੇ ਨਵਾਂ ਵਿਅਕਤੀ ਮਨੋਨੀਤ ਕੀਤਾ ਜਾਵੇਗਾ। ਐਸਾ ਮਨੋਨੀਤ ਕੀਤਾ ਵਿਅਕਤੀ ਅਸਾਮੀ ਖਾਲੀ ਕਰਨ ਵਾਲੇ ਵਿਅਕਤੀ ਦੇ ਬਾਕੀ ਰਹਿੰਦੇ ਸਮੇਂ ਵਾਸਤੇ ਹੀ ਬੋਰਡ ਦਾ ਮੈਂਬਰ ਰਹੇਗਾ।

5. **<u>ਮੁੱਖ ਦਫ਼ਤਰ:</u>**

ਰਾਜ ਸਲਾਹਕਾਰ ਬੋਰਡ ਦਾ ਕੇਂਦਰੀ ਦਫ਼ਤਰ ਭਾਸ਼ਾ ਭਵਨ, ਪਟਿਆਲਾ ਹੋਵੇਗਾ।

6. **<u>ਮੀਟਿੰਗ ਅਤੇ ਕੋਰਮ:</u>**

(ੳ) ਰਾਜ ਸਲਾਹਕਾਰ ਬੋਰਡ ਦੀਆਂ ਸਾਲ ਵਿਚ ਘੱਟ ਤੋਂ ਘੱਟ ਦੋ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਇੱਕ ਤੋਂ ਦੂਜੀ ਮੀਟਿੰਗ ਵਿਚਕਾਰ 180 ਦਿਨ ਤੋਂ ਵੱਧ ਦਾ ਵਕਫ਼ਾ ਨਹੀਂ ਹੋਵੇਗਾ।

(ਅ) ਰਾਜ ਸਲਾਹਕਾਰ ਬੋਰਡ ਦੇ ਕੰਮ-ਕਾਜ ਵਾਸਤੇ ਕੁੱਲ ਮੈਂਬਰਾਂ ਦਾ ਘੱਟੋ-ਘੱਟ ਪੰਜਵਾਂ ਹਿੱਸਾ ਜਾਂ ਘੱਟੋ-ਘੱਟ 8 ਮੈਂਬਰ ਜੋ ਵਧੇਰੇ ਹੋਵੇ ਕੋਰਮ ਵਜੋਂ ਹੋਵੇਗਾ। ਬਸ਼ਰਤੇ ਇਹ ਕਿ ਪਦਵੀਕਰਣ ਮੈਂਬਰਾਂ ਵਿਚੋਂ ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ ਅਤੇ ਭਾਸ਼ਾ ਅਤੇ ਡਾਇਰੈਕਟਰ, ਭਾਸ਼ਾ ਵਿਭਾਗ ਦੀ ਹਾਜ਼ਰੀ ਜ਼ਰੂਰੀ ਹੋਵੇਗੀ।

7. **<u>ਕੰਮ-ਕਾਜ ਸਬੰਧੀ ਵਿਧੀ:</u>**

ਮੈਂਬਰ ਸਕਤਰ, ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ ਅਤੇ ਭਾਸ਼ਾ ਦੀ ਸਲਾਹ ਅਨੁਸਾਰ ਬੋਰਡ ਦੇ ਕੰਮ-ਕਾਜ ਸਬੰਧੀ ਵਿਸਥਾਰ ਸਹਿਤ ਵਿਧੀ ਤਿਆਰ ਕਰਕੇ ਬੋਰਡ ਦੇ ਪ੍ਰਧਾਨ ਅਤੇ ਬੋਰਡ ਦੀ ਪਹਿਲੀ ਮੀਟਿੰਗ ਵਿਚ ਬੋਰਡ ਤੋਂ ਪ੍ਰਵਾਨਗੀ ਲੈ ਕੇ ਲਾਗੂ ਕਰਨਗੇ।

8. ਮਾਨ-ਭੱਤੇ ਅਤੇ ਟੀ.ਏ./ਡੀ.ਏ.:

(ੳ) ਪਦ ਵਜੋਂ ਨਿਯੁਕਤ ਮੈਂਬਰ ਆਪਣੇ ਵਿਭਾਗਾਂ ਤੋਂ ਟੀ.ਏ./ਡੀ.ਏ. ਲੈਣਗੇ।

(ਅ) ਗੈਰ-ਸਰਕਾਰੀ ਮਨੋਨੀਤ ਮੈਂਬਰਾਂ ਨੂੰ 500 ਰੁਪਏ ਪ੍ਰਤੀ ਬੈਠਕ ਮਾਨ ਭੱਤਾ ਅਤੇ ਗਰੁੱਪ 'ਏ' ਅਫ਼ਸਰਾਂ ਬਰਾਬਰ ਟੀ.ਏ. ਦਿੱਤਾ ਜਾਵੇਗਾ।

9. ਇਸ ਬੋਰਡ ਦਾ ਗਠਨ ਵਿੱਤ ਵਿਭਾਗ ਦੇ ਅੰ:ਵਿ:ਪੱ:ਨੰ:1/35/2000-3 ਵਿ.ਖ.2/2915, ਮਿਤੀ 8 ਨਵੰਬਰ 2002 ਦੀ ਪ੍ਰਵਾਨਗੀ ਨਾਲ ਕੀਤਾ ਜਾਂਦਾ ਹੈ।

ਚੰਡੀਗੜ੍ਹ:
ਮਿਤੀ 12 ਨਵੰਬਰ, 2002

ਐਨ.ਐਸ. ਰਤਨ
ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ ਤੇ ਭਾਸ਼ਾ
ਪੰਜਾਬ।